**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਐਸ.ਏ.ਐਸ ਨਗਰ, ਪੰਜਾਬ।**

ਹੁਕਮ ਨੰ: (1104 ਅ-4) 12/87-16 ਅ4(3) ਕੋ:ਸ:3
ਮਿਤੀ, ਐਸ.ਏ.ਐਸ ਨਗਰ : 29-08-2016

ਇਸ ਦਫਤਰ ਦੇ ਹੁਕਮ ਨੰ:(47633 ਸਰਰ) 12/87-16 ਅ4(3) ਕੋ:ਸ:3/12564-66 ਮਿਤੀ 10.08.16/16.08.16 ਰਾਹੀਂ ਸ਼੍ਰੀਮਤੀ ਰੇਣੂ ਸ਼ਰਮਾ, ਸ.ਸ ਮਿਸਟ੍ਰੈਸ, ਸਹਸ ਮਦਨਪੁਬ ਚਲਹੇੜੀ, ਜ਼ਿਲ੍ਹਾ ਪਟਿਆਲਾ ਨੂੰ ਮਿਤੀ 17.08.16 ਤੋਂ ਮਿਤੀ 16.09.16 ਤੱਕ ਅੱਧੀ ਤਨਖਾਹ ਛੁੱਟੀ ਸਮੇਤ ਸਟੇਸ਼ਨ ਲੀਵ ਵਿਦੇਸ਼(ਆਸਟ੍ਰੇਲੀਆ) ਜਾਣ ਲਈ ਮੰਜੂਰ ਕੀਤੀ ਗਈ ਸੀ। ਹੁਣ ਕਰਮਚਾਰਨ ਦੀ ਪ੍ਰਤੀਬੇਨਤੀ ਤੇ ਉਸਦੀ ਛੁੱਟੀ ਵਿੱਚ ਵਾਧਾ ਕਰਦੇ ਹੋਏ ਉਸਨੂੰ ਮਿਤੀ **17-09-16 ਤੋਂ ਮਿਤੀ 14-11-16** ਤੱਕ ਦੀ ਵਿਦੇਸ਼ ਛੁੱਟੀ ਪਹਿਲਾਂ ਜਾਰੀ ਕੀਤੇ ਹੁਕਮਾਂ ਵਿੱਚ ਦਰਜ ਸ਼ਰਤਾਂ ਅਧੀਨ ਮੰਜੂਰ ਕੀਤੀ ਜਾਂਦੀ ਹੈ।

(ਡਾ. ਜੀ. ਵਜਰਾਲਿੰਗਮ)
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ: ਉਕਤ 13146-48 ਮਿਤੀ :- 30/8/16

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ :-

1. ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ/ ਅਧਿਕਾਰੀ ਦੀ ਛੁੱਟੀ ਉਪਰੰਤ ਸਮੇਂ ਸਿਰ ਹਾਜ਼ਰ ਹੋਣ/ਨਾ ਹੋਣ ਸਬੰਧੀ ਸੂਚਨਾ ਇਸ ਦਫਤਰ ਨੂੰ ਉਪਲੱਬਧ ਕਰਾਉਣੀ ਯਕੀਨੀ ਬਣਾਈ ਜਾਵੇ।
2. ਪ੍ਰਿੰਸੀਪਲ/ਮੁੱਖਅਧਿਆਪਕ, ਸਹਸ ਮਦਨਪੁਰ ਚਲਹੇੜੀ, ਜ਼ਿਲ੍ਹਾ ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਧਿਕਾਰੀ/ਕਰਮਚਾਰੀ ਦੀ ਛੁੱਟੀ ਸਬੰਧੀ ਇੰਦਰਾਜ ਸੇਵਾ ਪੱਤਰੀ ਵਿੱਚ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18-10-2012 ਅਨੁਸਾਰ ਕਰਮਚਾਰੀ/ਅਧਿਕਾਰੀ ਦੀ ਛੁੱਟੀ 10 ਦਿਨ ਤੋ ਵੱਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ।
3. ਸ਼੍ਰੀਮਤੀ ਰੇਣੂ ਸ਼ਰਮਾ, ਸ.ਸ ਮਿਸਟ੍ਰੈਸ, ਸਹਸ ਮਦਨਪੁਰ ਚਲਹੇੜੀ, ਜ਼ਿਲ੍ਹਾ ਪਟਿਆਲਾ।

ਇੰਚਾਰਜ ਕੋਆਰਡੀਨੇਸ਼ਨ ਸੈਲ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਐਸ.ਏ.ਐਸ ਨਗਰ, ਪੰਜਾਬ।**

ਹੁਕਮ ਨੰ: (364 ਸੇ-1) 9/13-2011 ਸੇ-1(1) ਕੋ:ਸ:2
ਮਿਤੀ, ਐਸ.ਏ.ਐਸ ਨਗਰ : 29-08-2016

ਸ੍ਰੀ ਰਵਿੰਦਰਪਾਲ ਸਿੰਘ, ਸੀਨੀਅਰ ਸਹਾਇਕ(ਪੈਨਸ਼ਨ ਸ਼ਾਖਾ), ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ ਨੂੰ ਮਿਤੀ 20-09-16 ਤੋਂ ਮਿਤੀ 18-10-16 ਤੱਕ ਕਮਾਈ ਛੁੱਟੀ ਸਮੇਤ ਸਟੇਸ਼ਨ ਲੀਵ, ਵਿਦੇਸ਼ (ਇੰਗਲੈਂਡ) ਜਾਣ ਲਈ ਹੇਠ ਲਿਖੀਆਂ ਸ਼ਰਤਾ ਤੇ ਮੰਜੂਰੀ ਦਿੱਤੀ ਜਾਂਦੀ ਹੈ:-

1. ਕਰਮਚਾਰੀ/ਅਧਿਕਾਰੀ ਆਪਣੀ ਛੁੱਟੀ ਵਿਚ ਵਾਧਾ ਨਹੀ ਕਰੇਗਾ/ ਕਰੇਗੀ।
2. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਜਾ ਕੇ ਦੇਸ਼ ਵਿਰੋਧੀ ਗਤੀਵਿਧੀਆ ਵਿਚ ਹਿਸਾ ਨਹੀ ਲਵੇਗਾ/ਲਵੇਗੀ।
3. ਕਰਮਚਾਰੀ/ਅਧਿਕਾਰੀ ਛੁੱਟੀ ਖਤਮ ਹੋਣ ਤੇ ਵਾਪਸ ਹਾਜਰ ਨਹੀ ਹੁੰਦਾ/ਹੁੰਦੀ ਤਾਂ ਉਸ ਵਲੋ ਦਿੱਤੇ ਹਲਫੀਆ ਬਿਆਨ ਅਨੁਸਾਰ ਉਸਦਾ ਸਰਕਾਰੀ ਨੌਕਰੀ ਤੋ ਅਸਤੀਫਾ ਪ੍ਰਵਾਨ ਕਰ ਲਿਆ ਜਾਵੇਗਾ।
4. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਰਹਿੰਦੇ ਹੋਏ ਆਪਣੀ ਆਮਦਨ ਲਈ ਕਿਸੇ ਹੋਰ ਜਗ੍ਹਾ ਨੌਕਰੀ ਨਹੀਂ ਕਰੇਗਾ/ ਕਰੇਗੀ।
5. ਕਰਮਚਾਰੀ/ਅਧਿਕਾਰੀ ਖਿਲਾਫ ਕੋਈ ਪੁਲਿਸ/ਵਿਜੀਲੈਂਸ ਕੇਸ /ਵਿਭਾਗੀ ਪੈਂਡਿੰਗ ਪੜਤਾਲ/ਏ.ਜੀ. ਪੰਜਾਬ ਵੱਲੋਂ ਆਡਿਟ ਇਤਰਾਜ ਅਤੇ ਐਲ.ਟੀ.ਸੀ ਆਦਿ ਸਬੰਧੀ ਕੋਈ ਕੇਸ ਪੈਡਿੰਗ ਨਾ ਹੋਵੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ

ਪਿਠ ਅੰਕਣ ਨੰ: ਉਕਤ 13173-76 ਮਿਤੀ :- 30/8/16

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ :-

1. ਸੁਪਰਡੰਟ ਸੇਵਾਵਾਂ-1 ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਛੁੱਟੀ ਸਬੰਧੀ ਇੰਦਰਾਜ ਸੇਵਾ ਪੱਤਰੀ ਵਿੱਚ ਕੀਤਾ ਜਾਵੇ।
2. ਸੁਪਰਡੰਟ ਸੇਵਾਵਾਂ-2 ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18.10.12 ਅਨੁਸਾਰ ਕਰਮਚਾਰੀ ਦੀ ਛੁੱਟੀ 10 ਦਿਨ ਤੋ ਵੱਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀ ਕੀਤੀ ਜਾਣੀ ਹੈ।
3. ਸੁਪਰਡੰਟ ਪੈਨਸ਼ਨ ਸਾਖਾ।
4. ਸ੍ਰੀ ਰਵਿੰਦਰਪਾਲ ਸਿੰਘ, ਸੀਨੀਅਰ ਸਹਾਇਕ(ਪੈਨਸ਼ਨ ਸ਼ਾਖਾ), ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ।

ਸੁਪਰਡੰਟ ਕੋਆਰਡੀਨੇਸ਼ਨ ਸੈਲ